PSEB-AFF0S031 (T002)/15/2021-AS09-AFFBRANCH-PSEB I/117170/2025

**ਪੰਜਾਬ ਸਕੂਲ ਸਿੱਖਿਆ ਬੋਰਡ**
**(ਐਫੀਲੀਏਸ਼ਨ ਸ਼ਾਖਾ)**

ਵੱਲ,

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਿਕਾ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼,ਪੰਜਾਬ।

ਨੰਬਰ:( 72435 ) ਪਸਸਬ-ਐਫੀ 2025/ 2518    ਮਿਤੀ:- 12 /06/2025

**ਵਿਸ਼ਾ -: ਡੰਮੀ ਐਡਮਿਸ਼ਨਾਂ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ **Federation of Private Schools and Associations of Punjab (Regd.)** ਵੱਲੋਂ ਪੱਤਰ ਪ੍ਰਾਪਤ ਹੋਇਆ ਹੈ।। ਜਿਸ ਵਿੱਚ Dummy Admissions ਸਬੰਧੀ ਹੇਠ ਲਿਖੇ ਅਨੁਸਾਰ ਦਰਜ ਹਨ :-

1. ਕਈ ਸਕੂਲਾਂ ਵੱਲੋਂ +1 ਅਤੇ+2 ਮੈਡੀਕਲ ਅਤੇ ਨਾਨ-ਮੈਡੀਕਲ ਸਟਰੀਮ ਵਿਚ ਡੰਮੀ ਐਡਮਿਸ਼ਨਾਂ ਕੀਤੀਆਂ ਜਾਂਦੀਆਂ ਹਨ।
2. ਵਿਦਿਆਰਥੀਆਂ ਨੂੰ ਸਕੂਲਾਂ ਵਿਚ ਰੈਗੂਲਰ ਦਿਖਾਇਆ ਜਾਂਦਾ ਹੈ ਜਦਕਿ ਵਿਦਿਆਰਥੀਆਂ ਵੱਲੋਂ ਬਾਹਰਲੇ ਕਿਸੇ ਕੋਚਿੰਗ ਸੈਂਟਰ ਤੋਂ ਕੋਚਿੰਗ ਲਈ ਜਾਂਦੀ ਹੈ।
3. ਸਕੂਲ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਦੌਰਾਨ ਡੰਮੀ ਐਡਮੀਸ਼ਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਬੁਲਾ ਕੇ ਕੇਵਲ ਪ੍ਰੀਖਿਆਵਾਂ ਲੈ ਲਈਆਂ ਜਾਂਦੀਆਂ ਹਨ, ਜੋ ਕਿ ਗੈਰ ਕਾਨੂੰਨੀ ਹੈ।
4. ਸਮੂਹ ਸਕੂਲ ਮੁੱਖੀ ਆਪਣੇ ਸਕੂਲਾਂ ਵਿੱਚ ਡੰਮੀ ਦਾਖਲੇ ਨਾ ਹੋਣ ਸਬੰਧੀ ਸਰਟੀਫਿਕੇਟ ਹਰ ਸਾਲ ਬੋਰਡ ਵਿੱਚ (ਐਫੀਲੀਏਸ਼ਨ ਸਾਖਾ) ਜਮ੍ਹਾਂ ਕਰਨਾ ਯਕੀਨੀ ਬਣਾਉਗੇ।

ਉਕਤ ਦਰਜ ਸਬੰਧੀ ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਸੰਸਥਾ ਵੱਲੋਂ ਡੰਮੀ ਐਡਮਿਸ਼ਨਾਂ ਨਾ ਕੀਤੀਆਂ ਜਾਣ। ਡੰਮੀ ਐਡਮਿਸ਼ਨ ਸਬੰਧੀ ਜੇਕਰ ਕੋਈ ਸ਼ਿਕਾਇਤ/ਤੱਥ ਦਫਤਰ ਦੇ ਧਿਆਨ ਵਿੱਚ ਆਉਂਦਾ ਹੈ, ਤਾਂ ਸੰਸਥਾ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

Harmandeep 12.6.25
ਸੁਪਰਡੰਟ (ਐਫੀ.)
ਵਾ:ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ